# Second Joint Task Force Meeting on Andaman & Nicobar Islands, and Aceh Connectivity

December 19, 2022

………………

**ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਅਤੇ ਆਸੇਹ ਕਨੈਕਟੀਵਿਟੀ ਬਾਰੇ ਸਾਂਝਾ ਟਾਸਕ ਫੋਰਸ ਦੀ ਦੂਜੀ ਮੀਟਿੰਗ**

**19 ਦਸੰਬਰ, 2022**

ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ (ANI) ਅਤੇ ਆਸੇਹ ਪ੍ਰਾਂਤ (ਇੰਡੋਨੇਸ਼ੀਆ) ਵਿਚਕਾਰ ਸੰਪਰਕ ਦੇ ਵਿਕਾਸ ਬਾਰੇ ਸਾਂਝਾ ਟਾਸਕ ਫੋਰਸ (JTF) ਦੀ ਦੂਜੀ ਬੈਠਕ 19 ਦਸੰਬਰ, 2022 ਨੂੰ ਪੋਰਟ ਬਲੇਅਰ ਵਿੱਚ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਾਂਝਾ ਸਕੱਤਰ (ਦੱਖਣ) ਸ਼੍ਰੀ ਵਿਸ਼ਵਾਸ ਸਪਕਲ ਅਤੇ ਇੰਡੋਨੇਸ਼ੀਆਈ ਵਫ਼ਦ ਦੀ ਅਗਵਾਈ  ਇੰਡੋਨੇਸ਼ੀਆ ਦੇ ਵਿਦੇਸ਼ ਮੰਤਰਾਲੇ ਦੇ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਨਿਰਦੇਸ਼ਕ ਮਹਾਮਹਿਮ ਸ਼੍ਰੀ ਜਾਤਮੀਕੋ ਐਚ ਪ੍ਰਸੇਤਿਓ ਨੇ ਕੀਤੀ।

2. ਇਸ ਮੀਟਿੰਗ ਦੌਰਾਨ ਵਫ਼ਦਾਂ ਦੇ ਮੁਖੀਆਂ ਨੇ 2019 ਵਿੱਚ ਹੋਈ ਪਹਿਲੀ JTF ਮੀਟਿੰਗ ਤੋਂ ਲੈ ਕੇ ANI ਅਤੇ ਆਸੇਹ ਵਿਚਕਾਰ ਸੰਪਰਕ ਵਿਕਸਿਤ ਕਰਨ ਵਿੱਚ ਹੋਈ ਤਰੱਕੀ ਅਤੇ ਦਰਪੇਸ਼ ਚੁਣੌਤੀਆਂ ਦਾ ਜਾਇਜ਼ਾ ਲਿਆ। ANI ਅਤੇ ਆਸੇਹ ਦੀ ਆਰਥਿਕ ਸੰਭਾਵਨਾ ਨੂੰ ਉਜਾਗਰ ਕਰਨ ਲਈ ਦੋਵੇਂ ਪੱਖਾਂ ਨੇ ਵਪਾਰ, ਸੈਰ-ਸਪਾਟਾ ਅਤੇ ਦੋਵਾਂ ਖੇਤਰਾਂ ਦੇ ਲੋਕ ਪੱਧਰੀ ਸੰਪਰਕ ਨੂੰ ਹੋਰ ਉਤਸ਼ਾਹਿਤ ਕਰਨ ਦੇ ਤਰੀਕਿਆਂ ਅਤੇ ਸਬੰਗ ਅਤੇ ਇਸ ਦੇ ਆਲੇ-ਦੁਆਲੇ ਬੰਦਰਗਾਹ ਨਾਲ ਸਬੰਧਤ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਸਥਿਤੀ ਬਾਰੇ ਚਰਚਾ ਕੀਤੀ।

3. JTF ਦੌਰਾਨ ਵਪਾਰ ਅਤੇ ਨਿਵੇਸ਼ ਨੂੰ ਬਿਹਤਰ ਬਣਾਉਣ ਲਈ ਦੋਵਾਂ ਪਾਸਿਆਂ ਦੇ ਵਪਾਰਕ ਚੈਂਬਰਾਂ ਅਤੇ ਸੰਭਾਵੀ ਨਿਵੇਸ਼ਕਾਂ ਵਿਚਕਾਰ ਆਪਸੀ ਤਾਲਮੇਲ ਲਈ ਮੌਕਿਆਂ ਨੂੰ ਵਧਾਉਣ ਬਾਰੇ ਸਹਿਮਤੀ ਹੋਈ। ਮਹਾਂਮਾਰੀ ਤੋਂ ਬਾਅਦ ਅੰਤਰਰਾਸ਼ਟਰੀ ਸੈਰ-ਸਪਾਟਾ ਮੁੜ ਸੁਰਜੀਤ ਹੋਣ ਦੇ ਨਾਲ ਦੋਵੇਂ ਧਿਰਾਂ ਸਮੁੰਦਰੀ ਸੈਰ-ਸਪਾਟਾ, ਕਰੂਜ਼ ਜਹਾਜ਼ ਦੇ ਸਫ਼ਰ ਤੇ ਟੂਰ ਆਪਰੇਟਰਾਂ ਵਿਚਕਾਰ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰਨ ਲਈ ਸਹਿਮਤ ਹੋਈਆਂ। ਇਸ ਖਿੱਤੇ ਵਿੱਚ ਭਰਪੂਰ ਸਮੁੰਦਰੀ ਸਰੋਤਾਂ ਦੇ ਮੱਦੇਨਜ਼ਰ ਦੋਵਾਨਾ ਪੱਖਾਂ ਨੇ ਮੱਛੀਆਂ ਫੜਨ ਦੇ ਸੰਚਾਲਕਾਂ ਦੀ ਸਮਰੱਥਾ ਨਿਰਮਾਣ ਵਿੱਚ ਸਹਿਯੋਗ ਕਰਨ ਅਤੇ ਇੱਕ ਦੂਜੇ ਦੇ ਤਜ਼ਰਬੇ ਤੋਂ ਸਿੱਖਣ 'ਤੇ ਵੀ ਸਹਿਮਤੀ ਦਿੱਤੀ। JTF ਦੌਰਾਨ ANI ਅਤੇ ਆਸੇਹ ਵਿਚਕਾਰ ਅਕਾਦਮਿਕ ਸਹਿਯੋਗ ਅਤੇ ਸੱਭਿਆਚਾਰਕ ਸਬੰਧਾਂ ਨੂੰ ਵਧਾਉਣ ਦੇ ਤਰੀਕਿਆਂ 'ਤੇ ਵੀ ਚਰਚਾ ਹੋਈ।

4. ANI ਅਤੇ ਆਸੇਹ ਵਿਚਕਾਰ ਕਨੈਕਟੀਵਿਟੀ ਦਾ ਵਿਕਾਸ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਮੁੰਦਰੀ ਸਹਿਯੋਗ ਦੇ ਸਾਂਝੇ ਦ੍ਰਿਸ਼ਟੀਕੋਣ ਦਾ ਮੁੱਖ ਤੱਤ ਹੈ, ਜਿਸ ਬਾਰੇ ਮਈ, 2018 ਵਿੱਚ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ

ਇੰਡੋਨੇਸ਼ੀਆਈ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਜੋਕੋ ਵਿਡੋਡੋ ਨੇ ਸਹਿਮਤੀ ਪ੍ਰਗਟਾਈ ਸੀ। JTF ਦਾ ਤੀਜਾ ਸੰਸਕਰਣ 2023 ਵਿੱਚ ਆਸੇਹ ਵਿੱਚ ਹੋਣ ਦੀ ਉਮੀਦ ਹੈ।

ਪੋਰਟ ਬਲੇਅਰ

19 ਦਸੰਬਰ, 2022

DISCLAIMER: This is an approximate translation. The original is available in English on MEA's website and may be referred to as the official press release.